ਭਵਨ ਤੇ ਮਾਰਗ, ਸ਼ਾਖਾ, ਮਲੇਰਕੋਟਲਾ

ਵੱਲ

ਪ੍ਰਿੰਸੀਪਲ,
ਦਾ ਓਸਿਸ ਸਕੂਲ, ਰੁੜਕਾ ਰੋਡ, ਮਧੇਵੀ,
ਜ਼ਿਲ੍ਹਾ ਮਲੇਰਕੋਟਲਾ।

ਨੰਬਰ 38 ਮਿਤੀ 24/04/2026

ਵਿਸ਼ਾ: **ਬਿਲਡਿੰਗ ਸੇਫਟੀ ਸਰਟੀਫਿਕੇਟ (ਸੈਸ਼ਨ 2026-27) ਸਬੰਧੀ।**

ਹਵਾਲਾ: ਆਪ ਜੀ ਦਾ ਪੱਤਰ ਨੰ: TOS/181 ਮਿਤੀ: 27-03-2026

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਨਿਮਨਹਸਤਾਖਰ ਅਤੇ ਇਸ ਉਪ ਮੰਡਲ ਦਫ਼ਤਰ ਦੇ ਜੂਨੀਅਰ ਇੰਜੀਨੀਅਰ ਸ੍ਰੀ ਮਨਪ੍ਰੀਤ ਸਿੰਘ ਵੱਲੋਂ ਆਪ ਜੀ ਦੇ ਸਕੂਲ ਦਾ ਨਿਰੀਖਣ ਕਰਨ ਉਪਰੰਤ ਰਿਪੋਰਟ ਕੀਤੀ ਗਈ ਹੈ, ਕਿ ਬਿਲਡਿੰਗ ਸਾਲ 2026-27 (31-03-2027) ਤੱਕ ਬਾਹਰੀ ਦੇਖਣ ਵਿੱਚ ਸੇਫ ਜਾਪਦੀ ਹੈ। ਬਿਲਡਿੰਗ ਵਿੱਚੋ ਜੇਕਰ ਕੋਈ ਵੀ ਅਡੀਸ਼ਨਲ ਆਲਟਰੇਸ਼ਨ ਕਰਨੀ ਹੈ ਤਾਂ ਕਿਸੇ ਟੈਕਨੀਕਲ ਕੁਆਲੀਫਾਈਡ ਇੰਜੀਨੀਅਰ ਪਾਸੋਂ ਚੈੱਕ ਕਰਵਾ ਕੇ ਤਸਦੀਕ ਕਰਵਾਇਆ ਜਾਵੇ। ਜੇਕਰ ਹੜ੍ਹ, ਕੁਦਰਤੀ ਆਫਤ ਨਾਲ ਕੋਈ ਵੀ ਦੀਵਾਰ, ਨੀਹਾਂ ਬਹਿੰਦੀਆਂ ਹਨ ਤਾਂ ਉਸ ਬਾਰੇ ਵੀ ਟੈਕਨੀਕਲ ਕੁਆਲੀਫਾਈਡ ਇੰਜੀਨੀਅਰ ਪਾਸੋਂ ਚੈੱਕ ਕਰਾਉਣ, ਉਪਰੰਤ ਤਸਦੀਕ ਵੀ ਕਰਵਾਇਆ ਜਾਵੇ। ਇਸ ਦੀ ਇੰਸਪੈਕਸ਼ਨ ਫੀਸ ਚਲਾਨ ਨੰ: 23013396 ਮਿਤੀ: 20-04-2026 ਰਾਹੀਂ 10,000/- ਰੁਪਏ ਜਮ੍ਹਾਂ ਕਰਵਾ ਲਈ ਗਈ ਹੈ। ਇਸ ਦੇ ਇਲਾਵਾ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਦਾ ਫਾਇਰ ਸੇਫਟੀ ਸਰਟੀਫਿਕੇਟ ਮਿਤੀ: 16/05/2026 ਤੱਕ ਖਤਮ ਹੋਣ ਉਪਰੰਤ ਰੀਨਿਊ ਕਰਵਾਕੇ ਇਸ ਦਫ਼ਤਰ ਜਮਾਂ ਕਰਵਾਉਣਾ ਯਕੀਨੀ ਬਣਾਇਆ ਜਾਵੇ, ਨਹੀਂ ਤਾਂ ਉਕਤ ਬਿਲਡਿੰਗ ਸੇਫਟੀ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ।

ਉਪ ਮੰਡਲ ਇੰਜੀਨੀਅਰ
ਪ੍ਰਾਂਤਕ ਉਪ ਮੰਡਲ ਲੋ:ਨਿ:ਵਿ: ਭ ਤੇ ਮ ਸ਼ਾਖਾ
ਮਲੇਰਕੋਟਲਾ।

ਪਿੱਠ ਅੰਕਣ ਨੰਬਰ: ਮਿਤੀ:

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ ਭ ਤੇ ਮ ਸ਼ਾਖਾ, ਮਲੇਰਕੋਟਲਾ ਜੀ ਨੂੰ ਆਪ ਜੀ ਦੇ ਪੱਤਰ ਨੰ: 20 ਮਿਤੀ: 02-04-2026 ਤਹਿਤ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਨੱਥੀ/ਚਲਾਨ ਕਾਪੀ

ਉਪ ਮੰਡਲ ਇੰਜੀਨੀਅਰ
ਪ੍ਰਾਂਤਕ ਉਪ ਮੰਡਲ ਲੋ:ਨਿ:ਵਿ: ਭ ਤੇ ਮ ਸ਼ਾਖਾ
ਮਲੇਰਕੋਟਲਾ।

THE OASIS SCHOOL
PRINCIPAL
RURKA ROAD
MADEVI

Chairman
The Oasis School
Madevi, Malerkotla